202281627
01/07/2022

ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ/ਅੱਠਵੀਂ ਸ਼ਾਖਾ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈਕੰ:ਸਿ:)

ਸਕੂਲ ਸਿੱਖਿਆ ਵਿਭਾਗ,ਪੰਜਾਬ।

ਨੰ: ਪਸਸਬ-ਸ:ਸ:ਪੰ:/ਅੱ:-301 ਮਿਤੀ:-1/7/22

ਵਿਸ਼ਾ:- ਅੱਠਵੀਂ ਸ਼੍ਰੇਣੀ 2022 ਦੀ ਸਪਲੀਮੈਂਟਰੀ ਪ੍ਰੀਖਿਆ ਕਰਵਾਉਣ ਸਬੰਧੀ।

ਅੱਠਵੀਂ ਸ਼੍ਰੇਣੀ ਦਾ ਨਤੀਜਾ ਮਿਤੀ 2.6.2022 ਨੂੰ ਘੋਸਿਤ ਹੋ ਚੁੱਕਾ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਵੀਂ/ਅੱਠਵੀਂ ਸ਼੍ਰੇਣੀ ਦੀ ਸਪਲੀਮੈਂਟਰੀ ਪ੍ਰੀਖਿਆ ਦੋ ਮਹੀਨੇ ਦੇ ਅੰਦਰ ਅੰਦਰ ਕਰਵਾਈ ਜਾਣੀ ਹੈ। ਸਕੂਲਾਂ ਵਿੱਚ ਛੁੱਟੀਆਂ ਹੋਣ ਕਾਰਨ ਅਤੇ ਪ੍ਰੀਖਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਠਵੀਂ ਸ਼੍ਰੇਣੀ ਦੇ ਰੀਅਪੀਅਰ ਪ੍ਰੀਖਿਆਰਥੀਆਂ ਦੇ ਆਨਲਾਈਨ ਪ੍ਰੀਖਿਆ ਫਾਰਮ ਅਤੇ ਫੀਸ ਭਰਨ ਸਬੰਧੀ ਮਿਤੀ 28.6.2022 ਤੋਂ ਮਿਤੀ 8.7.2022 ਤੱਕ ਸਮੇਂ ਵਿੱਚ ਵਾਧਾ ਕੀਤਾ ਗਿਆ ਹੈ

2 ਜਿਲ੍ਹਾ ਸਿੱਖਿਆ ਅਫਸਰ ਆਪਣੇ ਅਧੀਨ ਸਕੂਲ ਮੁੱਖੀਆਂ ਨੂੰ ਹਦਾਇਤ ਦੀ ਖੇਚਲ ਕਰਨ ਕਿ ਇਹਨਾਂ ਰੀਅਪੀਅਰ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਅਤੇ ਫੀਸ ਭਰਨ ਦਾ ਕੰਮ ਮਿਤੀ 08.07.2022 ਤੱਕ ਹਰ ਹਾਲਤ ਵਿੱਚ ਨਿਪਟਾਉਣ ਤਾਂ ਜੋ ਕੋਈ ਵੀ ਰੀਅਪੀਅਰ ਵਾਲਾ ਪ੍ਰੀਖਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਸਕੇ।

3 ਜੇਕਰ ਪ੍ਰੀਖਿਅਰਥੀ ਦਾ ਪ੍ਰੀਖਿਆ ਫਾਰਮ ਸਮੇਤ ਪ੍ਰੀਖਿਆ ਫੀਸ ਅੱਪਲੋਡ ਨਹੀਂ ਹੁੰਦਾ ਤਾਂ ਇਸਦੀ ਜਿੰਮੇਵਾਰੀ ਸਬੰਧਿਤ ਅਮਲੇ ਅਤੇ ਪ੍ਰੀਖਿਆਰਥੀ ਦੀ ਹੋਵੇਗੀ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

1/7/22

ਸੁਪਰਡੰਟ (ਪੰਜਵੀਂ/ਅੱਠਵੀਂ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ.) ਫਰੀਦਕੋਟ
ਪਿੱਠ ਅੰਕਣ ਨੰ:- ਅ-7/1 ( ) 2022/ 270 ਮਿਤੀ:- 7/7/22
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਫਰੀਦਕੋਟ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿ. ਸਿ. ਅ (ਸੈ. ਸਿ.)
ਫਰੀਦਕੋਟ

Scanned with Oken Scanner